**ਪੰਜਾਬ ਸਰਕਾਰ**
**ਯੋਜਨਾਬੰਦੀ ਵਿਭਾਗ**
**(ਭਲਾਈ ਸ਼ਾਖਾ)**

ਰਾਜਪਾਲ ਪੰਜਾਬ ਜੀ ਪਲਾਨ ਸਕੀਮ ਪੀ.ਐਮ.-6 'ਅਸਿਸਟੈਂਸ ਟੂ ਐਨ.ਜੀ.ਓਜ਼.' ਅਧੀਨ ਸਾਲ 2013-14 ਦੌਰਾਨ ਉਪਬੰਧਤ 550.00 ਲੱਖ ਰੁਪਏ ਦੀ ਰਾਸ਼ੀ ਵਿਚੋਂ 250.00 ਲੱਖ ਰੁਪਏ (175.00 ਲੱਖ ਰੁਪਏ ਜਨਰਲ ਕੈਟਾਗਰੀ ਲਈ + 75.00 ਲੱਖ ਰੁਪਏ ਐਸ.ਸੀ.ਐਸ.ਪੀ ਲਈ) ਦੀ ਰਾਸ਼ੀ ਅਪੈਕਸ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ ਅਨੁਸਾਰ ਗੈਰ ਸਰਕਾਰੀ ਸੰਸਥਾਵਾਂ ਨੂੰ ਰਾਜ ਦੇ ਵਿਕਾਸ ਕਾਰਜਾਂ ਲਈ ਜਾਰੀ ਕਰਨ ਦੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ। ਇਹ ਪ੍ਰਵਾਨਗੀ ਵਿੱਤ ਵਿਭਾਗ ਦੀ ਸਲਾਹ ਅ.ਵਿ.ਪੱ ਨੰ:3/47/07-1ਵਿਖ6/268015 ਮਿਤੀ 2/05/2013 ਅਨੁਸਾਰ ਜਾਰੀ ਕੀਤੀ ਜਾਂਦੀ ਹੈ। 250.00 ਲੱਖ ਰੁਪਏ ਦੀ ਰਾਸ਼ੀ ਦੀ ਵਿਭਾਗ-ਵਾਰ ਵੰਡ ਹੇਠ ਅਨੁਸਾਰ ਹੈ:-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵਿਭਾਗ ਦਾ ਨਾਮ | ਸਾਲ 2013-14 ਦੌਰਾਨ ਪ੍ਰਵਾਨਗੀ ਕੀਤੀ ਜਾ ਰਹੀ ਰਾਸ਼ੀ | | ਮੰਤਵ |
|---|---|---|---|---|
| | | ਗ੍ਰਾਂਟ ਨੰ:19 ਮੁੱਖ ਮੱਦ 3451ਮਾਈਨਰ ਹੈਡ-101 ਸਬ ਹੈਡ 10 ਐਸ.ਓ.ਈ-36-ਗ੍ਰਾਂਟ-ਇਨ ਏਡ(ਨਾਨ ਸੈਲਰੀ) | ਗ੍ਰਾਂਟ ਨੰ:19 ਮੁੱਖ ਮੱਦ 3451ਮਾਈਨਰ ਹੈਡ-789 ਸਬ-ਹੈਡ 05 ਐਸ.ਓ.ਈ 36-ਗ੍ਰਾਂਟ-ਇਨ ਏਡ(ਨਾਨ ਸੈਲਰੀ) | |
| 1 | 2 | 3 | 4 | 5 |
| 1. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 36.75 | 15.75 | ਸਾਰੀ ਰਾਸ਼ੀ ਸੁਸਾਇਟੀ ਫਾਰ ਸਰਵਿਸ ਟੂ ਵੋਲੰਟਰੀ ਏਜੰਸੀਜ਼(ਨਾਰਥ)(ਸਾਵਾ) ਨੂੰ ਆਰ.ਸੀ.ਐਚ. ਪ੍ਰਾਜੈਕਟ ਲਈ ਦਿੱਤੀ ਜਾਂਦੀ ਹੈ। ਗੈਰ ਸਰਕਾਰੀ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਵਜੋਂ ਗ੍ਰਾਂਟ-ਇਨ-ਏਡ ਮੁਹੱਈਆ ਕਰਨ ਸਮੇਂ ਸਾਵਾ ਉਨ੍ਹਾਂ ਗੈਰ ਸਰਕਾਰੀ ਸੰਸਥਾਵਾਂ ਨੂੰ ਪਹਿਲਤਾ ਪ੍ਰਦਾਨ ਕਰੇਗਾ, ਜਿਹੜੀਆਂ ਕਿ ਗਰਭਵਤੀ ਇਸਤਰੀਆਂ ਦੀ ਭਲਾਈ, ਅੱਲੜ੍ਹ ਅਵਸਥਾ ਲੜਕੀਆਂ ਤੇ ਔਰਤਾਂ ਦੇ ਸਿਹਤ ਪੱਧਰ ਵਿੱਚ ਸੁਧਾਰ ਲਿਆਉਣ ਲਈ ਅਤੇ ਸਿਹਤ ਵਿਭਾਗ ਦੀ ਹਦਾਇਤ ਮੁਤਾਬਕ ਲਿੰਗ ਅਨੁਪਾਤ ਵਿੱਚ ਸੁਧਾਰ ਲਈ ਕੰਮ ਕਰ ਰਹੀਆਂ ਹਨ। |
| 2. | ਸਮਾਜਿਕ ਸੁਰੱਖਿਆ ਅਤੇ ਭਲਾਈ | 63.70 | 27.30 | 50% ਫੰਡਜ਼ ਸਾਵਾ ਨੂੰ ਮੁਹੱਈਆ ਕੀਤੇ ਜਾਣਗੇ ਅਤੇ ਬਾਕੀ ਰਹਿੰਦੇ 50% ਫੰਡਜ਼ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਭਲਾਈ ਵਿਭਾਗ ਵੱਲੋਂ ਸਟੈਂਡਿੰਗ ਕਮੇਟੀ ਫਾਰ ਵੋਲੰਟਰੀ ਏਜੰਸੀਜ਼(ਸਕੋਵਾ) ਦੇ ਫੈਸਲੇ ਉਪਰੰਤ ਗੈਰ ਸਰਕਾਰੀ ਸੰਸਥਾਵਾਂ ਨੂੰ ਮੁਹੱਈਆ ਕੀਤੇ ਜਾਣੇ ਹਨ। |
| 3. | ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ | 17.50 | 7.50 | ਇਹ ਰਾਸ਼ੀ ਪ੍ਰਬੰਧਕੀ ਵਿਭਾਗ ਵੱਲੋਂ ਸਟੈਂਡਿੰਗ ਕਮੇਟੀ ਫਾਰ ਵੋਲੰਟਰੀ ਏਜੰਸੀਜ਼(ਸਕੋਵਾ) ਦੇ ਫੈਸਲੇ ਉਪਰੰਤ ਵਿਭਾਗ ਨੂੰ ਪਹੁੰਚ ਕਰਨ ਵਾਲੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਜਾਣੀ ਹੈ। |
| 4. | ਪਸ਼ੂ ਵਿਕਾਸ | 9.80 | 4.20 | -ਓਹੀ- |
| 5. | ਸਿੱਖਿਆ | 7.70 | 3.30 | -ਓਹੀ- |

| ਲੜੀ ਨੰ: | ਵਿਭਾਗ ਦਾ ਨਾਮ | ਸਾਲ 2013-14 ਦੌਰਾਨ ਪ੍ਰਵਾਨਗੀ ਕੀਤੀ ਜਾ ਰਹੀ ਰਾਸ਼ੀ | | ਮੰਤਵ |
|---|---|---|---|---|
| | | ਗ੍ਰਾਂਟ ਨੰ:19 ਮੁੱਖ ਮੱਦ 3451ਮਾਈਨਰ ਹੈਡ-101 ਸਬ ਹੈਡ 10 ਐਸ.ਓ.ਈ-36-ਗ੍ਰਾਂਟ-ਇਨ ਏਡ(ਨਾਨ ਸੈਲਰੀ) | ਗ੍ਰਾਂਟ ਨੰ:19 ਮੁੱਖ ਮੱਦ 3451ਮਾਈਨਰ ਹੈਡ-789 ਸਬ-ਹੈਡ 05 ਐਸ.ਓ.ਈ 36-ਗ੍ਰਾਂਟ-ਇਨ ਏਡ(ਨਾਨ ਸੈਲਰੀ) | |
| 1 | 2 | 3 | 4 | 5 |
| 6. | ਪਸ਼ੂ ਪਾਲਣ | 39.55 | 16.95 | ਇਹ ਰਾਸ਼ੀ ਰਜਿਸਟਰਡ ਗੈਰ ਸਰਕਾਰੀ ਸੰਸਥਾਵਾਂ/ਗਊ ਸ਼ਾਲਾਵਾਂ ਜੋ ਕਿ ਪਸ਼ੂ ਭਲਾਈ ਦੇ ਖੇਤਰ ਵਿੱਚ ਆਵਾਰਾ ਪਸ਼ੂਆਂ ਦੀ ਸਾਂਭ-ਸੰਭਾਲ, ਵੈਕਸੀਨੇਸ਼ਨ, ਇਲਾਜ ਆਦਿ ਦਾ ਕੰਮ ਕਰ ਰਹੀਆਂ ਹਨ, ਨੂੰ ਮੁਹੱਈਆ ਕੀਤੀ ਜਾਣੀ ਹੈ। |
| | ਕੁੱਲ ਜੋੜ | 175.00 | 75.00 | |

2 ਇਹ 175.00 ਲੱਖ ਰੁਪਏ ਦੀ ਰਾਸ਼ੀ ਸਾਲ 2013-14 ਦੌਰਾਨ ਮੰਗ ਨੰ:19 ਲੇਖਾ ਮੱਦ – 3451 ਸਕੱਤਰੇਤ ਇਕਨਾਮਿਕ ਸਰਵਿਸਜ਼(1)-101-ਯੋਜਨਾ ਬੋਰਡ-10 ਪਲਾਨ ਸਕੀਮ ਪੀ.ਐਮ.-6 'ਅਸਿਸਟੈਂਸ ਟੂ ਐਨ.ਜੀ.ਓਜ਼' – 36 ਗ੍ਰਾਂਟ-ਇਨ-ਏਡ (ਨਾਨ ਸੈਲਰੀ) ਅਧੀਨ ਜਾਰੀ ਕੀਤੀ ਜਾਂਦੀ ਹੈ। 75.00 ਲੱਖ ਰੁਪਏ ਦੀ ਰਾਸ਼ੀ ਮੰਗ ਨੰ: 19 ਮੁੱਖ ਮੱਦ-3451-789-05 ਪੀ.ਐਮ.-6 'ਅਸਿਸਟੈਂਸ ਟੂ ਐਨ.ਜੀ.ਓਜ਼(ਨਾਨ ਸੈਲਰੀ) ਲਈ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਦੀ ਭਲਾਈ ਤੇ ਖਰਚ ਕਰਨ ਲਈ ਜਾਰੀ ਕੀਤੀ ਜਾਂਦੀ ਹੈ। 250.00 ਲੱਖ ਰੁਪਏ ਦੀ ਗ੍ਰਾਂਟ ਨਿਮਨ ਲਿਖਤ ਸ਼ਰਤਾਂ ਸਹਿਤ ਹੋਵੇਗੀ:-

(ੳ) ਸਬੰਧਤ ਪ੍ਰਬੰਧਕੀ ਵਿਭਾਗ ਸਰਵੇਖਣ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਯੋਜਨਾਬੰਦੀ ਵਿਭਾਗ ਵੱਲੋਂ ਜਾਰੀ ਅਗਵਾਈ ਲੀਹਾਂ ਅਨੁਸਾਰ ਗੈਰ ਸਰਕਾਰੀ ਸੰਸਥਾਵਾਂ ਨੂੰ ਦਿੱਤੀ ਗਈ ਗ੍ਰਾਂਟ ਉਸੇ ਮੰਤਵ ਲਈ ਇਸਤੇਮਾਲ ਕੀਤੀ ਜਾਵੇਗੀ ਜਿਸ ਮੰਤਵ ਲਈ ਦਿੱਤੀ ਗਈ ਹੈ।

(ਅ) ਸਬੰਧਤ ਪ੍ਰਬੰਧਕੀ ਵਿਭਾਗ, ਯੋਜਨਾਬੰਦੀ ਵਿਭਾਗ ਵੱਲੋਂ ਸਮੇਂ-2 ਸਿਰ ਜਾਰੀ ਅਗਵਾਈ ਲੀਹਾਂ/ਹਦਾਇਤਾਂ ਅਨੁਸਾਰ ਗੈਰ ਸਰਕਾਰੀ ਸੰਸਥਾਵਾਂ ਨੂੰ ਵੰਡੀ ਰਾਸ਼ੀ ਦੇ ਵਰਤੋਂ ਸਰਟੀਫਿਕੇਟ ਅਤੇ ਤਿਮਾਹੀ ਖਰਚਾ ਰਿਪੋਰਟ ਭੇਜਣਾ ਯਕੀਨੀ ਬਣਾਵੇਗਾ।

(ੲ) ਉਪਰੋਕਤ ਅੰਕਿਤ ਵਿਭਾਗਾਂ ਨੂੰ ਨਿਮਨ ਲਿਖਤ ਸ਼ਰਤਾਂ ਸਹਿਤ ਆਪਣੇ ਡਰਾਇੰਗ ਤੇ ਡਿਸਬਰਸਿੰਗ ਅਫਸਰਾਂ ਰਾਹੀਂ ਰਾਸ਼ੀ ਕਢਵਾਉਣ ਦੇ ਅਧਿਕਾਰ ਦਿੱਤੇ ਜਾਂਦੇ ਹਨ:-

(i) ਪੰਜਾਬ ਸਰਕਾਰ ਦੇ ਨਿਯਮਾਂ ਅਤੇ ਵਿਨਿਯਮਾਂ ਅਨੁਸਾਰ ਖਜ਼ਾਨੇ ਵਿਚੋਂ ਫੰਡਜ਼ ਕਢਵਾਏ ਜਾਣਗੇ,

(ii) ਪ੍ਰਬੰਧਕੀ ਵਿਭਾਗ ਗੈਰ ਸਰਕਾਰੀ ਸੰਸਥਾਵਾਂ ਨੂੰ ਜਾਰੀ ਸੈਂਕਸ਼ਨਾਂ ਅਤੇ ਉਨ੍ਹਾਂ ਦੇ ਪ੍ਰਾਜੈਕਟਾਂ ਲਈ ਜਾਰੀ ਰਾਸ਼ੀ ਬਾਰੇ ਯੋਜਨਾਬੰਦੀ ਵਿਭਾਗ ਨੂੰ ਇਤਲਾਹ ਦੇਣਗੇ, ਜਿਸ ਨੂੰ ਯੋਜਨਾਬੰਦੀ ਵਿਭਾਗ ਵੱਲੋਂ ਆਪਣੀ ਸਹੂਲਤ ਮੁਤਾਬਕ ਤਸਦੀਕ ਕੀਤਾ ਜਾਵੇਗਾ;

(iii) ਲੋੜੀਦੀ ਪ੍ਰਬੰਧਕੀ ਪ੍ਰਵਾਨਗੀ ਅਤੇ ਵਿੱਤੀ ਸੈਂਕਸ਼ਨ ਸਬੰਧਤ ਵਿਭਾਗਾਂ ਵੱਲੋਂ ਸਥਾਈ ਹੁਕਮਾਂ/ਨਿਯਮਾਂ/ਗੈਰ ਸਰਕਾਰੀ ਸੰਸਥਾਵਾਂ ਲਈ ਜਾਰੀ ਅਗਵਾਈ ਲੀਹਾਂ ਅਨੁਸਾਰ ਜਾਰੀ ਕੀਤੀ ਜਾਵੇਗੀ।

ਮਿਤੀ: 10 ਮਈ, 2013

ਚੰਡੀਗੜ੍ਹ

ਜਸਪਾਲ ਸਿੰਘ
ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਪੇਅ(ਐਨ.ਜੀ.ਓ.)-2013/2145- 50 ਮਿਤੀ: 10/5/13

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਵਿੱਤੀ ਕਮਿਸ਼ਨਰ, ਪਸ਼ੂ ਪਾਲਣ
2) ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤ
3) ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ
4) ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤ੍ਰੀ ਤੇ ਬਾਲ ਵਿਕਾਸ ਭਲਾਈ ਵਿਭਾਗ
5) ਸਕੱਤਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ
6) ਸਕੱਤਰ, ਸਕੂਲ ਸਿਖਿਆ ਵਿਭਾਗ, ਪੰਜਾਬ

ਡਾਇਰੈਕਟਰ ਯੋਜਨਾ

ਪਿਠਅੰਕਣ ਨੰ..ਪੀ.ਐਮ.-6/ਪਸਪਬ-ਪੇਅ(ਐਨ.ਜੀ.ਓ.)-2013/2151 ਮਿਤੀ: 10/05/13

ਉਤਾਰਾ ਅਕਾਊਂਟੈਂਟ ਜਨਰਲ(ਏ. ਐਂਡ ਈ.), ਪੰਜਾਬ ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਪੇਅ(ਐਨ.ਜੀ.ਓ.)-2013/2152 ਮਿਤੀ: 10/5/13

ਉਤਾਰਾ ਅਕਾਊਂਟੈਂਟ ਜਨਰਲ(ਆਡਿਟ), ਪੰਜਾਬ ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਪੇਅ(ਐਨ.ਜੀ.ਓ.)-2013/2153 ਮਿਤੀ: 10/05/13

ਉਤਾਰਾ ਜਿਲ੍ਹਾ ਖਜਾਨਾ ਅਫਸਰ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਪੇਅ(ਐਨ.ਜੀ.ਓ.)-2013/2154 ਮਿਤੀ: 10/05/13

ਉਤਾਰਾ ਵਿੱਤ ਵਿਭਾਗ ਨੂੰ ਉਨ੍ਹਾਂ ਦੇ ਅ.ਵਿ.ਪੱ ਨੰ.3/47/07-1 ਵਿ.ਪ-6/26815 ਮਿਤੀ 2/05/2013 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਪੇਅ(ਐਨ.ਜੀ.ਓ.)-2013/2155-59 ਮਿਤੀ: 10/05/13

ਉਤਾਰਾ ਹੇਠ ਲਿਖੇ ਵਿਭਾਗਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।
2) ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤ੍ਰੀ ਤੇ ਬਾਲ ਵਿਕਾਸ ਭਲਾਈ।
3) ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ।
4) ਡਾਇਰੈਕਟਰ, ਪਸ਼ੂ ਪਾਲਣ।
5) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਯੋਅ(ਐਨ.ਜੀ.ਓ.)-2013/ 2161 ਮਿਤੀ: 10/5/13

ਇਸ ਦਾ ਇੱਕ ਉਤਾਰਾ ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸ਼ਡਿਊਲਡ ਕਾਸਟ ਸੱਬ ਪਲਾਨ(ਐਸ.ਸੀ.ਐਸ.ਪੀ, ਭਲਾਈ ਵਿਭਾਗ, ਸੈਕਟਰ-34, ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਯੋਅ(ਐਨ.ਜੀ.ਓ.)-2013/ 2162 ਮਿਤੀ: 10/5/13

ਉਤਾਰਾ ਡਾਇਰੈਕਟਰ (ਪ੍ਰਸ਼ਾਸਨ), ਪੰਜਾਬ ਰਾਜ ਯੋਜਨਾ ਬੋਰਡ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿਠਅੰਕਣ ਨੰ.ਪੀ.ਐਮ.-6/ਪਸਪਬ-ਯੋਅ(ਐਨ.ਜੀ.ਓ.)-2013/ 2163 ਮਿਤੀ: 10/05/13

ਉਤਾਰਾ ਪਲਾਨਿੰਗ ਅਫਸਰ(ਡੀ.ਡੀ.ਓ), ਪੰਜਾਬ ਰਾਜ ਯੋਜਨਾ ਬੋਰਡ, ਚੰਡੀਗੜ੍ਹ ਨੂੰ ਉਪਰੋਕਤ ਅਨੁਸਾਰ ਰਕਮ ਜਾਰੀ ਕਰਨ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਕਾਪੀ ਵੱਲੋਂ:-

(ੳ) ਨਿੱਜੀ ਸਕੱਤਰ/ ਸਕੱਤਰ ਯੋਜਨਾ,

(ਅ) ਟੀ.ਸੀ.ਐਸ.ਸੈੱਲ ਸਕੱਤਰੇਤ, ਪੰਜਾਬ, ਚੰਡੀਗੜ੍ਹ।